**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਡੀ.ਪੀ.ਆਈ (ਐ.ਸਿ.)/(ਸੈ.ਸਿ) ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2012/72872
ਮਿਤੀ ਚੰਡੀਗੜ੍ਹ 24.01.2012

**ਵਿਸ਼ਾ: ਗਣਤੰਤਰ ਦਿਵਸ-26 ਜਨਵਰੀ, 2012 ਮਨਾਉਣ ਬਾਰੇ।**
**ਹਵਾਲਾ:-ਪੱਤਰ ਨੰ. 3/3/2011-1 ਰਾਜ-1/516 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਵਾਲਾ ਅਧੀਨ ਪੱਤਰ ਅਨੁਸਾਰ ਅਗਲੇਰੀ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

**ਨੱਥੀ ਦਸਤਾਵੇਜ਼: ਹਵਾਲਾ ਪੱਤਰ ਦੀ ਕਾਪੀ।**

ਨੰਬਰ : 3/3/2011-1ਰਾਜ-1/516

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਰਾਜਨੀਤੀ-1 ਸਾਖਾ)

ਸੇਵਾ ਵਿਖੇ,

1. ਕਮਿਸਨਰ ਜਲੰਧਰ, ਫਿਰੋਜਪੁਰ, ਫਰੀਦਕੋਟ ਅਤੇ ਪਟਿਆਲਾ ਮੰਡਲ,
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ।

DySE(M) 8/1/2012 APO (Media)

ਮਿਤੀ: ਚੰਡੀਗੜ੍ਹ: 11/1/12

ਵਿਸਾ:- **ਗਣਤੰਤਰ ਦਿਵਸ- 26 ਜਨਵਰੀ, 2012 ਮਨਾਉਣ ਬਾਰੇ।**

***

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਨੂੰ ਸੰਬੋਧਨ ਕਰਨ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਗਣਤੰਤਰ ਦਿਵਸ 26 ਜਨਵਰੀ, 2012 ਨੂੰ ਢੁੱਕਵੇਂ ਅਤੇ ਸਾਨਦਾਰ ਢੰਗ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ।

2. ਇਸ ਦਿਵਸ ਸੰਬੰਧੀ ਸਮਾਰੋਹ ਨਿਮਨ ਲਿਖਤ ਅਨੁਸਾਰ ਹੋਣਗੇ:-

ੳ) ਇਸ ਦਿਵਸ ਦੇ ਅਵਸਰ ਤੇ ਮਾਨਯੋਗ ਮੁੱਖ ਮੰਤਰੀ, ਪੰਜਾਬ/ ਸਪੀਕਰ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ/ ਉਪ ਮੁੱਖ ਮੰਤਰੀ/ ਕੈਬਨਿਟ ਮੰਤਰੀ/ਮੁੱਖ ਸੰਸਦੀ ਸਕੱਤਰ ਜਿਹੜੀਆਂ ਜਿਹੜੀਆਂ ਥਾਵਾਂ ਤੇ ਝੰਡਾ ਲਹਿਰਾਉਣਗੇ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ, ਬਾਰੇ ਲੋੜੀਂਦੀ ਸੂਚਨਾ ਵੱਖਰੇ ਤੌਰ ਤੇ ਸ਼ੀਘਰ ਹੀ ਭੇਜੀ ਜਾਵੇਗੀ।

ਅ) ਜੇਕਰ ਕਿਸੇ ਕਾਰਣ ਮੁੱਖ ਮਹਿਮਾਨ ਮਿੱਥੇ ਸਥਾਨ ਤੇ ਸਮੇਂ ਸਿਰ ਨਾ ਪੁੱਜ ਸਕਣ ਤਾਂ ਉਸ ਹਾਲਤ ਵਿੱਚ ਕਮਿਸਨਰੀ ਸਦਰ ਮੁਕਾਮਾਂ ਤੇ ਕਮਿਸਨਰ ਸਾਹਿਬਾਨ, ਜਿਲਾ ਸਦਰ ਮੁਕਾਮਾਂ ਤੇ ਡਿਪਟੀ ਕਮਿਸਨਰ ਸਾਹਿਬਾਨ ਅਤੇ ਉਪ-ਮੰਡਲ ਸਦਰ ਮੁਕਾਮਾਂ ਅਤੇ ਤਹਿਸੀਲ ਸਦਰ ਮੁਕਾਮਾਂ ਤੇ ਸਬੰਧਤ ਉਪ-ਮੰਡਲ ਮੈਜਿਸਟਰੇਟ/ਤਹਿਸੀਲਦਾਰ ਮਿਥੇ ਸਮੇਂ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ।

ੲ) ਮੰਡਲ/ਜਿਲਾ/ਉਪ ਮੰਡਲ/ਤਹਿਸੀਲ ਸਦਰ ਮੁਕਾਮਾਂ ਤੇ ਪੁਲਿਸ ਪਰੇਡਾਂ ਵੀ ਹੋਣਗੀਆ। ਸਥਾਨਕ ਹੋਮ ਗਾਰਡ ਅਤੇ ਐਨ ਸੀ.ਸੀ. ਨੂੰ ਵੀ ਇਨ੍ਹਾਂ ਪਰੇਡਾਂ ਵਿੱਚ ਸਾਮਲ ਕਰਕੇ ਇਸ ਪ੍ਰੋਗਰਾਮ ਨੂੰ ਸਾਨਦਾਰ ਢੰਗ ਨਾਲ ਨਜਿੱਠਿਆ ਜਾਵੇ।

ਸ) ਸਾਰੀਆਂ ਸਰਕਾਰੀ ਇਮਾਰਤਾਂ ਤੇ ਰਾਸਟਰੀ ਝੰਡਾ ਲਹਿਰਾਇਆ ਜਾਵੇ। ਇਸ ਅਵਸਰ ਤੇ ਜਨਤਾ ਨੂੰ ਆਪਣੇ ਘਰਾਂ ਤੇ ਰਾਸਟਰੀ ਝੰਡਾ ਲਹਿਰਾਉਣ ਸਬੰਧੀ ਕੋਈ ਪਾਬੰਦੀ ਨਹੀਂ ਹੋਵੇਗੀ।

ਹ) ਜਿਲਾ ਸਦਰ ਮੁਕਾਮਾਂ ਤੇ ਸਵੇਰ ਦੇ ਸਮੇ ਰਾਸਟਰੀ ਝੰਡਾ ਲਹਿਰਾਉਣ ਦੀ ਰਸਮ ਤੋ ਇਲਾਵਾ ਕਵੀ ਦਰਬਾਰ, ਮੁਸਾਇਰਿਆ ਅਤੇ ਰਾਸਟਰੀ ਨੇਤਾਵਾਂ ਸਬੰਧੀ ਕੌਮੀ ਕਵਿਤਾਵਾਂ ਤੇ ਗੀਤਾਂ ਤੇ ਗਾਇਨ ਵਰਗੇ ਸਮਾਰੋਹ ਦਾ ਵੀ ਪ੍ਰਬੰਧ ਕੀਤਾ ਜਾਵੇ। ਸੁਤੰਤਰਤਾ ਅਤੇ ਕੌਮੀ ਰੱਖਿਆ ਸਬੰਧੀ ਕਵਿਤਾਵਾਂ ਅਤੇ ਗੀਤਾਂ ਦਾ ਗਾਇਨ ਇਨ੍ਹਾਂ ਸਮਾਰੋਹਾਂ ਦਾ ਇੱਕ ਜਰੂਰੀ ਅੰਗ ਹੋਵੇ।

Office of : Director General School Education cum State Project Director Sarva Shiksha Abhiyan Authority
Central Diary No.: 41624 Date 17/01/12

ਕ) ਜਿਥੋਂ ਤੱਕ ਦਿਹਾਤੀ ਇਲਾਕਿਆਂ ਦਾ ਸਬੰਧ ਹੈ, ਹਰ ਤਹਿਸੀਲ ਵਿੱਚ ਕੁਝ ਚੋਣਵੀਆਂ ਥਾਵਾਂ ਤੇ ਅਜਿਹੇ ਸਮਾਰੋਹਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਸਮਾਰੋਹਾਂ ਸਬੰਧੀ ਜ਼ਰੂਰੀ ਪ੍ਰਬੰਧ ਜਿਲ੍ਹਾ ਲੋਕ ਸੰਪਰਕ ਅਫਸਰਾਂ ਦੀ ਸਹਾਇਤਾ ਨਾਲ ਕੀਤੇ ਜਾਣ।

ਖ) ਇਸ ਅਵਸਰ ਤੇ ਹਰ ਜਿਲ੍ਹਾ ਸਦਰ ਮੁਕਾਮ ਤੇ ਸ਼ਾਮ ਦੇ ਸਮੇਂ ਰੀਲੇ ਰੇਸਿਜ ਅਤੇ ਐਗਜੀਬੀਸ਼ਨ ਮੈਚ ਕਰਵਾਏ ਜਾਣਗੇ। ਇਸ ਸਬੰਧੀ ਸਾਰੇ ਪ੍ਰਬੰਧ ਖੇਡ ਤੇ ਸਿਖਿਆ ਵਿਭਾਗ ਵਲੋਂ ਕੀਤੇ ਜਾਣਗੇ।

ਗ) ਗਣਤੰਤਰ ਦਿਵਸ 2012 ਮਨਾਉਣ ਸਬੰਧੀ ਸਰਕਾਰ ਦੇ ਪੱਤਰ ਨੰ:3/2/2011-1ਰਾਜ-1/(ਪ.ਫ)/78 ਮਿਤੀ 5.1.2012 ਰਾਹੀਂ ਜਾਰੀ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਦੇ ਪੱਤਰ ਨੰ: 437/6/INST/ 2011- CC&BE ਮਿਤੀ 28 ਦਸੰਬਰ 2011 ਰਾਹੀਂ ਜਾਰੀ ਹਦਾਇਤਾਂ/ਗਾਇਡਲਾਇਨਜ਼ ਨੂੰ ਯਕੀਨੀ ਬਣਾਇਆ ਜਾਵੇ।

3. ਮਾਨਯੋਗ ਮੁੱਖ ਮੰਤਰੀ ਪੰਜਾਬ, ਸਪੀਕਰ, ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ, ਉਪ ਮੁੱਖ ਮੰਤਰੀ,ਪੰਜਾਬ, ਕੈਬਨਿਟ ਮੰਤਰੀ ਸਾਹਿਬਾਨ/ਮੁੱਖ ਸੰਸਦੀ ਸਕੱਤਰਾਂ ਦੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੇ ਪ੍ਰੋਗਰਾਮ ਬਾਰੇ ਉਨ੍ਹਾਂ ਦੇ ਸਪੈਸ਼ਲ ਸਕੱਤਰ/ਸਕੱਤਰ/ਨਿੱਜੀ ਸਕੱਤਰ ਸਾਹਿਬਾਨ ਨਾਲ ਸਿੱਧਾ ਤਾਲਮੇਲ ਰੱਖਿਆ ਜਾਵੇ।

ਵਿਸ਼ਵਾਸਪਾਤਰ

(ਸੁਖਵਿੰਦਰ ਸਿੰਘ) 11/1/12
ਵਿਸ਼ੇਸ਼ ਸਕੱਤਰ,ਪ੍ਰੋਟੋਕੋਲ

ਪਿੱਠ ਅੰਕਣ ਨੰ:3/3/2011-1ਰਾਜ1/517 ਮਿਤੀ: ਚੰਡੀਗੜ੍ਹ : 11/1/12

ਇਸ ਦੀ ਇੱਕ ਕਾਪੀ ਵਿਭਾਗਾਂ ਦੇ ਮੁੱਖੀਆਂ, ਪੰਜਾਬ ਦੇ ਜਿਲ੍ਹਾਂ ਤੇ ਸੈਸ਼ਨ ਜੱਜਾਂ, ਉਪ-ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ ਅਤੇ ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ। ਇਸ ਤੋਂ ਇਲਾਵਾ ਹੇਠ ਲਿਖੇ ਵਿਭਾਗਾਂ/ਅਧਿਕਾਰੀਆਂ ਨੂੰ ਵਿਸੇਸ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਲਈ ਹਦਾਇਤ ਕੀਤੀ ਜਾਂਦੀ ਹੈ:-

<u>ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ/ਸਕੂਲਾਂ)ਖੇਡ ਵਿਭਾਗ:-</u> ਕਾਲਜਾਂ/ਸਕੂਲਾਂ ਵਿੱਚ ਵਿਸੇਸ ਸਮਾਗਮ ਮਨਾਉਣ ਦੇ ਪ੍ਰਬੰਧ ਕੀਤੇ ਜਾਣ ਅਤੇ ਰੀਲੇ ਰੇਸਿਜ, ਐਗਜੀਬੀਸਨ ਮੈਚ ਕਰਵਾਉਣ ਸਬੰਧੀ ਪੂਰੀ ਜਾਣਕਾਰੀ ਪ੍ਰਮੁੱਖ ਸਕੱਤਰ, ਸਿੱਖਿਆ ਵਿਭਾਗ ਤੋਂ ਪ੍ਰਾਪਤ ਕਰਕੇ ਸਮੇਂ ਸਿਰ ਪ੍ਰਬੰਧ ਕੀਤੇ ਜਾਣ ।

<u>ਡਾਇਰੈਕਟਰ, ਸੂਚਨਾ ਅਤੇ ਪ੍ਰਚਾਰ ਵਿਭਾਗ, ਪੰਜਾਬ ਲਈ</u>

ਵੱਖ ਵੱਖ ਸਥਾਨਾਂ ਤੇ ਮਾਨਯੋਗ ਮੁੱਖ ਮੰਤਰੀ, ਪੰਜਾਬ, ਉਪ ਮੁੱਖ ਮੰਤਰੀ, ਪੰਜਾਬ, ਸਪੀਕਰ, ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ, ਕੈਬਨਿਟ ਮੰਤਰੀ ਸਾਹਿਬਾਨ/ਮੁੱਖ ਸੰਸਦੀ ਸਕੱਤਰਾਂ ਦੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਬਾਰੇ ਸਮਾਰੋਹ ਦੇ ਪ੍ਰਬੰਧ ਲਈ ਸਬੰਧਤ ਜਿਲ੍ਹਾ ਲੋਕ ਸੰਪਰਕ ਅਫਸਰ, ਡਿਪਟੀ ਕਮਿਸ਼ਨਰਾਂ ਦੀ ਯੋਗ ਸਹਾਇਤਾ ਕਰਨ ।

<u>ਉਪ-ਮੰਡਲ ਮੈਜਿਸਟਰੇਟਾਂ ਅਤੇ ਤਹਿਸੀਲਦਾਰਾਂ ਲਈ ।</u>

ਉਹ ਆਪਣੇ ਉਪ ਮੰਡਲਾਂ/ਤਹਿਸੀਲਾਂ ਦੇ ਸਦਰ ਮੁਕਾਮਾਂ ਤੇ ਢੁੱਕਵੇਂ ਸਮਾਰੋਹਾਂ ਦਾ ਪ੍ਰਬੰਧ ਕਰਨਗੇ।